File no. FD-FB/1011/17/2021-4FB1

17244919/2021

<u>ਅਤਿ ਜਰੂਰੀ</u>

ਪੰਜਾਬ ਸਰਕਾਰ

ਵਿਤ ਵਿਭਾਗ

(ਵਿਤ ਬਜਟ-1 ਸ਼ਾਖਾ)

ਵਿਸ਼:- ਡੀ.ਡੀ.ਓ ਪਾਵਰਾਂ ਜਾਰੀ ਕਰਨ ਸਬੰਧੀ।

*****

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਪੰਜਾਬ ਸਰਕਾਰ, ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਵਿਤੀ ਕਮਿਸ਼ਨਰ,ਪੰਜਾਬ ਸਰਕਾਰ, ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਵਿੱਤ ਵਿਭਾਗ ਦੇ ਪੱਤਰ ਨੰ:11/3/2018-4ਵਿਬ1/1335708 ਮਿਤੀ 17 ਅਕਤੂਬਰ 2018 ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

2. ਵਿਸ਼ੇ ਅਕਿੰਤ ਮਾਮਲੇ ਸਬੰਧੀ ਵਿੱਤ ਵਿਭਾਗ (ਵਿੱਤ ਬਜਟ -1 ਸ਼ਾਖਾ) ਦੇ ਪੱਤਰ ਮਿਤੀ 17-10-2018 ਰਾਹੀਂ ਹਦਾਇਤਾਂ ਜਾਰੀ ਕਰਦੇ ਹੋਏ ਫੈਸਲਾ ਲਿਆ ਗਿਆ ਸੀ ਕਿ ਹਰੇਕ ਪ੍ਰਬੰਧਕੀ ਵਿਭਾਗ ਦੇ ਅਧੀਨ ਆਉਂਦੇ ਵਿਭਾਗਾਂ ਦੇ ਮੁੱਖ ਦਫਤਰਾਂ ਲਈ ਡੀ.ਡੀ.ਓ ਪਾਵਰਾਂ ਦੀਆਂ ਨਵੀਆ ਤਜਵੀਜਾਂ ਜੋ ਵਿੱਤ ਵਿਭਾਗ ਨੂੰ ਭੇਜੀਆਂ ਜਾਣਗੀਆਂ, ਉਹਨਾਂ ਤਜਵੀਜਾਂ ਲਈ ਵਿਭਾਗ ਵਿਚ ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ, ਵਲੋਂ ਤੈਨਾਤ ਕੀਤੇ ਗਏ ਐਸ.ਏ.ਐਸ. ਕਾਡਰ ਦੇ ਅਧਿਕਾਰੀ ਨੂੰ ਡੀ.ਡੀ.ਓ ਘੋਸ਼ਿਤ ਕਰਵਾਇਆ ਜਾਵੇ।

3. ਉਪਰੋਕਤ ਦੇ ਸਬੰਧ ਵਿੱਚ ਇਹ ਆਮ ਵੇਖਣ ਵਿਚ ਆਇਆ ਹੈ ਕਿ ਪ੍ਰਬੰਧਕੀ ਵਿਭਾਗਾਂ ਵਿੱਚ ਐਸ.ਏ.ਐਸ. ਕਾਡਰ ਦੇ ਅਧਿਕਾਰੀਆਂ ਦੀ ਤੈਨਾਤੀ ਹੁੰਦੇ ਹੋਏ ਵੀ ਉਨ੍ਹਾਂ ਵਲੋਂ ਐਸ.ਏ.ਐਸ ਕਾਡਰ ਦੇ ਅਧਿਕਾਰੀ ਨੂੰ ਡੀ.ਡੀ.ਓ ਪਾਵਰਾਂ ਜਾਰੀ ਨਹੀਂ ਕਰਵਾਈਆ ਜਾ ਰਹੀਆਂ ਹਨ। ਇਸ ਮਾਮਲੇ ਨੂੰ ਗਹੁ ਨਾਲ ਵਿਚਾਰਣ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਪ੍ਰਬੰਧਕੀ ਵਿਭਾਗ ਵਲੋਂ ਡੀ.ਡੀ.ਓ ਪਾਵਰਾਂ ਜਾਰੀ ਕਰਵਾਉਣ ਸਬੰਧੀ ਹੇਠ ਅਨੁਸਾਰ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ:-

1. ਜਿਨ੍ਹਾਂ ਪ੍ਰਬਧੰਕੀ ਵਿਭਾਗਾਂ ਵਿੱਚ ਡਾਇਰੈਕਟੋਰੇਟ ਖਜਾਨਾ ਤੇ ਲੇਖਾ ਦਫਤਰ ਵਲੋਂ ਐਸ.ਏ.ਐਸ. ਕਾਡਰ ਦੇ ਅਧਿਕਾਰੀ ਤੈਨਾਤ ਹੋਣ ਦੇ ਬਾਵਜੂਦ ਕਿਸੇ ਹੋਰ ਅਧਿਕਾਰੀ ਨੂੰ ਡੀ.ਡੀ.ਓ ਪਾਵਰਾਂ ਜਾਰੀ ਕਰਵਾਈਆਂ ਗਈਆਂ ਹਨ। ਉਨ੍ਹਾਂ ਵਲੋਂ ਮਾਮਲੇ ਸਬੰਧੀ ਤੁਰੰਤ ਕਾਰਵਾਈ ਕਰਦੇ ਹੋਏ ਸਬੰਧਤ ਡੀ.ਡੀ.ਓ ਪਾਵਰਾਂ ਖਜਾਨਾ ਦਫਤਰ ਵਲੋਂ ਤੈਨਾਤ ਕੀਤੇ ਗਏ ਐਸ.ਏ.ਐਸ ਅਧਿਕਾਰੀ ਨੂੰ ਜਾਰੀ ਕਰਵਾਈਆਂ ਜਾਣ।
2. ਜਿਨ੍ਹਾਂ ਪ੍ਰਬੰਧਕੀ ਵਿਭਾਗਾਂ ਵਿੱਚ ਡਾਇਰੈਕਟੋਰੇਟ ਖਜਾਨਾ ਤੇ ਲੇਖਾ ਦਫਤਰ ਵੱਲੋਂ ਐਸ.ਏ.ਐਸ ਅਧਿਕਾਰੀ ਤੈਨਾਤ ਨਹੀਂ ਕੀਤਾ ਗਿਆ ਹੈ ਉਨ੍ਹਾਂ ਵੱਲੋਂ ਤਸਦੀਕ ਕਰਦੇ ਹੋਏ ਸਰਟੀਫਿਕੇਟ ਵਿੱਤ ਵਿਭਾਗ ਨੂੰ ਭੇਜਿਆ ਜਾਵੇ।
3. ਜਿਨ੍ਹਾਂ ਪ੍ਰਬੰਧਕੀ ਵਿਭਾਗਾਂ ਵਲੋਂ ਨਵੀਆਂ ਸਕੀਮਾਂ ਲਈ ਡੀ.ਡੀ.ਓ ਪਾਵਰਾਂ ਜਾਰੀ ਕਰਵਾਈਆਂ ਜਾਣੀਆਂ ਹਨ ਉਨ੍ਹਾਂ ਵਲੋਂ ਵੀ ਉਨ੍ਹਾਂ ਦੇ ਵਿਭਾਗ ਵਿਚ ਖਜਾਨਾ ਦਫਤਰ ਵੱਲੋਂ ਤੈਨਾਤ ਕੀਤੇ ਗਏ ਐਸ.ਏ.ਐਸ. ਕਾਡਰ ਦੇ ਅਧਿਕਾਰੀ ਨੂੰ ਡੀ.ਡੀ.ਓ ਘੋਸ਼ਿਤ ਕੀਤਾ ਜਾਵੇ।
4. ਜਿਨ੍ਹਾਂ ਪ੍ਰਬੰਧਕੀ ਵਿਭਾਗਾਂ ਵਿਚ ਐਸ.ਏ.ਐਸ ਕਾਡਰ ਦਾ ਅਧਿਕਾਰੀ ਤੈਨਾਤ ਨਹੀਂ ਹੈ ਤਾਂ ਉਨ੍ਹਾਂ ਵੱਲੋਂ ਨਵੀਆਂ ਸਕੀਮਾਂ ਦੀਆਂ ਤਜਵੀਜਾਂ ਨਾਲ ਐਸ.ਏ.ਐਸ. ਅਧਿਕਾਰੀ ਦੀ ਤੈਨਾਤੀ ਉਨ੍ਹਾਂ ਦੇ ਵਿਭਾਗ ਵਿੱਚ ਨਾ ਹੋਣ ਸਬੰਧੀ ਤਸਦੀਕ ਕਰਦੇ ਹੋਏ ਸਰਟੀਫਿਕੇਟ ਅਟੈਚ ਕਰਕੇ ਭੇਜਿਆ ਜਾਵੇ।

5. ਵਿੱਤ ਵਿਭਾਗ ਵੱਲੋਂ ਸਮੇਂ ਸਮੇਂ ਤੇ ਜ਼ਾਰੀ ਕੀਤੀਆ ਹਦਾਇਤਾ ਦੀ ਪਾਲਣਾ ਕਰਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ।
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ:ਵਿ:ਪੱ:ਨੰ: FD-FB-101/17/2021-4FB1/**244919** ਮਿਤੀ,ਚੰਡੀਗੜ: **09.09.2021**

ਇਕ ਉਤਾਰਾ ਮਾਨਯੋਗ ਮੁੱਖ ਸਕੱਤਰ, ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ

ਮੁੱਖ ਸਕੱਤਰ, ਪੰਜਾਬ ਸਰਕਾਰ
ਪੰਜਾਬ।

ਅੰ:ਵਿ:ਪੱ:ਨੰ: FD-FB-101/17/2021-4FB1/**244919** ਮਿਤੀ, ਚੰਡੀਗੜ: **09.09.2021**

ਇਕ ਉਤਾਰਾ ਸਮੂਹ ਸਕੱਤਰ ਵਿੱਤ, ਵਿਸ਼ੇਸ਼ ਸਕੱਤਰ ਖਰਚਾ ਅਤੇ ਵਿਸ਼ੇਸ਼ ਸਕੱਤਰ ਵਿੱਤ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ,

1. ਸਮੂਹ ਸਕੱਤਰ ਵਿੱਤ,
2. ਵਿਸ਼ੇਸ਼ ਸਕੱਤਰ ਖਰਚਾ,
3. ਵਿਸ਼ੇਸ਼ ਸਕੱਤਰ ਵਿੱਤ।

ਅੰ:ਵਿ:ਪੱ:ਨੰ: FD-FB-101/17/2021-4FB1/**244919** ਮਿਤੀ, ਚੰਡੀਗੜ: **09.09.2021**

ਇਕ ਉਤਾਰਾ ਉੱਪ ਸਕੱਤਰ ਵਿੱਤ(ਜੇ)ਅਤੇ ਅਧੀਨ ਸਕੱਤਰ ਵਿੱਤ(ਜਕ), ਸਮੂਹ ਸੁਪਰਡੰਟ, ਵਿੱਤ ਖਰਚਾ ਸ਼ਾਖਾਵਾਂ ਅਤੇ ਸੁਪਰਡੰਟ ਵਿੱਤ ਬਜਟ-2 ਸ਼ਾਖਾ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਅਨੁਸਾਰ ਆਪਦੇ ਵਿੱਤੀ ਕੰਟਰੋਲ ਅਧੀਨ ਆਉਂਦੇ ਪ੍ਰਬੰਧਕੀ ਵਿਭਾਗਾਂ ਨਾਲ ਤਾਲਮੇਲ ਕਰਦੇ ਹੋਏ ਲੋੜੀਂਦੀ ਕਾਰਵਾਈ ਕਰਵਾਉਣ ਦੀ ਖੇਚਲ ਕੀਤੀ ਜਾਵੇ।

ਹਰਵਿੰਦਰ ਸਿੰਘ
ਬਜਟ ਅਫਸਰ

ਸੇਵਾ ਵਿਖੇ

1. ਉਪ ਸਕੱਤਰ ਵਿੱਤ(ਜੇ),
2. ਅਧੀਨ ਸਕੱਤਰ ਵਿੱਤ(ਜਕ),
3. ਸਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ।
4. ਸੁਪਰਡੰਟ, ਵਿੱਤ ਬਜਟ-2 ਸ਼ਾਖਾ।

ਅੰ: ਵਿ: ਪੱ: ਨੰ: FD-FB-1011/17/2021-4FB1/**244919** ਮਿਤੀ, ਚੰਡੀਗੜ: **09.09.2021**